# ਬੀ ਸੀ ਫਾਰਮਾਕੇਅਰ

## ਫਾਰਮੇਸੀ ਸੇਵਾਵਾਂ

ਬੀ ਸੀ ਫਾਰਮਾਕੇਅਰ ਬੀ ਸੀ ਦੇ ਵਸਨੀਕਾਂ ਦੀ ਬਹੁਤ ਸਾਰੀਆਂ ਫਾਰਮੇਸੀ ਸੇਵਾਵਾਂ ਦੀ ਲਾਗਤ ਵਿਚ ਮਦਦ ਕਰਦੀ ਹੈ।

### ਛੋਟੀਆਂ ਬਿਮਾਰੀਆਂ ਦਾ ਫਾਰਮਾਸਿਸਟ ਮੁਲਾਂਕਣ

ਬੀ ਸੀ ਦੇ ਫਾਰਮਾਸਿਸਟ ਬਹੁਤ ਸਾਰੀਆਂ ਛੋਟੀਆਂ ਬਿਮਾਰੀਆਂ ਦੇ ਇਲਾਜ ਦਾ ਮੁਲਾਂਕਣ ਅਤੇ ਸਿਫਾਰਸ਼ ਕਰ ਸਕਦੇ ਹਨ। ਜਦੋਂ ਉਚਿਤ ਹੋਵੇ ਉਹ ਦਵਾਈ ਦੇ ਸਕਦੇ ਹਨ। ਛੋਟੀਆਂ ਬਿਮਾਰੀਆਂ ਦੀ ਸੂਚੀ ਲਈ ਪੰਨਾ 2 ਵੇਖੋ ਜਿਨ੍ਹਾਂ ਦਾ ਫਾਰਮਾਸਿਸਟ ਮੁਲਾਂਕਣ ਕਰ ਸਕਦੇ ਹਨ।

ਇਹ ਸੇਵਾ ਬੀ ਸੀ ਦੇ ਪਰਸਨਲ ਹੈਲਥ ਨੰਬਰ ਵਾਲੇ ਹਰ ਵਸਨੀਕ ਲਈ ਮੁਫ਼ਤ ਹੈ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਡਰਾਈਵਰ ਲਾਇਸੈਂਸ, ਬੀ ਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੋ ਸਕਦਾ ਹੈ।

ਹੋਰ ਜਾਣੋ ਅਤੇ ਮੁਲਾਕਾਤ ਬੁੱਕ ਕਰੋ www.gov.bc.ca/SeeAPharmacist

### ਕੰਟਰਾਸੈਪਸ਼ਨ (ਗਰਭ ਨਿਰੋਧ)

ਫਾਰਮਾਸਿਸਟ ਕੰਟਰਾਸੈਪਟਿਵ (ਗਰਭ ਨਿਰੋਧਕ) ਲਈ ਮੁਲਾਂਕਣ ਕਰ ਸਕਦੇ ਹਨ ਅਤੇ ਕੰਟਰਾਸੈਪਟਿਵ ਦੇ ਸਕਦੇ ਹਨ। ਭਾਵੇਂ ਫਾਰਮਾਸਿਸਟ ਆਈ ਯੂ ਡੀ (IUD) ਅਤੇ ਇਮਪਲਾਂਟ ਦੇ ਸਕਦਾ ਹੈ, ਉਸ ਨੂੰ ਇਨਸਰਟ ਕਰਨ (ਅੰਦਰ ਪਾਉਣ) ਲਈ ਤੁਹਾਨੂੰ ਡਾਕਟਰ ਕੋਲ ਜਾਂ ਕਲਿਨਿਕ ਜਾਣਾ ਪਵੇਗਾ। ਬੀ ਸੀ ਵਿੱਚ ਕਈ ਤਰ੍ਹਾਂ ਦੇ ਗਰਭ ਨਿਰੋਧਕ ਮੁਫ਼ਤ ਹਨ। ਹੋਰ ਜਾਣਨ ਲਈ www.gov.bc.ca/contraceptives 'ਤੇ ਜਾਓ।

ਇਹ ਸੇਵਾ ਬੀ ਸੀ ਦੇ ਪਰਸਨਲ ਹੈਲਥ ਨੰਬਰ ਵਾਲੇ ਹਰ ਵਸਨੀਕ ਲਈ ਮੁਫ਼ਤ ਹੈ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਡਰਾਈਵਰ ਲਾਇਸੈਂਸ, ਬੀ ਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੋ ਸਕਦਾ ਹੈ।

### ਡਾਕਟਰ ਵਲੋਂ ਦਿੱਤੀਆਂ ਪਰਚੀਆਂ ਨੂੰ ਅਡੈਪਟ ਕਰਨਾ

ਫਾਰਮਾਸਿਸਟ ਡਾਕਟਰਾਂ ਵਲੋਂ ਦਿੱਤੀਆਂ ਬਹੁਤੀਆਂ ਪਰਚੀਆਂ ਨੂੰ ਅਡੈਪਟ ਕਰ ਸਕਦੇ ਹਨ। ਇਸ ਦਾ ਅਰਥ ਹੈ ਕਿ ਉਹ ਇਹ ਕੰਮ ਕਰ ਸਕਦੇ ਹਨ:

- ਜਦੋਂ ਤੁਸੀਂ ਦਵਾਈ ਪੂਰੀ ਵਰਤ ਲਈ ਹੋਵੇ ਤਾਂ ਉਹ ਡਾਕਟਰਾਂ ਵਲੋਂ ਲਿਖ ਕੇ ਦਿੱਤੀਆਂ ਬਹੁਤੀਆਂ ਦਵਾਈਆਂ ਨੂੰ ਰੀਨਿਊ ਕਰ ਸਕਦੇ ਹਨ। ਤੁਸੀਂ ਉਸ ਦਵਾਈ 'ਤੇ 6 ਮਹੀਨੇ ਬਿਨਾਂ ਕਿਸੇ ਸਮੱਸਿਆ ਦੇ ਰਹੇ ਹੋਣੇ ਚਾਹੀਦੇ ਹੋ। ਜ਼ਰੂਰੀ ਹੈ ਕਿ ਦਵਾਈ ਦੇਣ ਵਾਲੇ ਨੇ ਇਹ ਦਵਾਈ 2 ਸਾਲਾਂ ਦੇ ਅੰਦਰ ਅੰਦਰ ਲਿਖੀ ਹੋਵੇ ਅਤੇ ਉਹ ਅਜੇ ਵੀ ਬੀ ਸੀ ਵਿਚ ਪਰੈਕਟਿਸ ਕਰਦਾ ਹੋਵੇ।
- ਦਵਾਈ ਦੀ ਖੁਰਾਕ, ਫਾਰਮੂਲਾ ਜਾਂ ਨਿਯਮ ਬਦਲ ਸਕਦੇ ਹਨ — ਉਦਾਹਰਨ ਲਈ, ਗੋਲ਼ੀ ਦੀ ਥਾਂ ਪੀਣ ਵਾਲੀ ਦਵਾਈ ਦੇ ਸਕਦੇ ਹਨ, ਜਾਂ ਦਵਾਈ ਲੈਣ ਦੇ ਸਮੇਂ ਵਿੱਚ ਤਬਦੀਲੀ ਕਰ ਸਕਦੇ ਹਨ।
- ਦਵਾਈ ਉਹੋ ਜਿਹੀ ਕਿਸੇ ਹੋਰ ਦਵਾਈ ਨਾਲ ਤਬਦੀਲ ਕਰ ਸਕਦੇ ਹਨ — ਉਦਾਹਰਨ ਲਈ, ਤੁਹਾਨੂੰ ਫਾਰਮਾਕੇਅਰ ਦੁਆਰਾ ਕਵਰ ਕੀਤੀ ਦਵਾਈ ਦੇ ਸਕਦੇ ਹਨ।

ਫਾਰਮਾਸਿਸਟ ਡਾਕਟਰ ਵਲੋਂ ਦਿੱਤੀ ਪਰਚੀ ਨੂੰ ਅਡੈਪਟ ਕਰਨ ਤੋਂ ਪਹਿਲਾਂ ਤੁਹਾਡੀ ਸਿਹਤ ਅਤੇ ਦਵਾਈਆਂ ਦੇ ਇਤਿਹਾਸ 'ਤੇ ਵਿਚਾਰ ਕਰੇਗਾ। ਉਹ ਡਾਕਟਰਾਂ ਵਲੋਂ ਦਿੱਤੀਆਂ ਸਾਰੀਆਂ ਪਰਚੀਆਂ ਨੂੰ ਅਡੈਪਟ ਕਰਨ ਦੇ ਯੋਗ ਨਹੀਂ ਹੁੰਦੇ।

ਇਹ ਸੇਵਾ ਬੀ ਸੀ ਦੇ ਪਰਸਨਲ ਹੈਲਥ ਨੰਬਰ ਵਾਲੇ ਹਰ ਵਸਨੀਕ ਲਈ ਮੁਫ਼ਤ ਹੈ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਡਰਾਈਵਰ ਲਾਇਸੈਂਸ, ਬੀ ਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੋ ਸਕਦਾ ਹੈ।

### ਦਵਾਈਆਂ ਅਤੇ ਸਪਲਾਈਆਂ ਨੂੰ ਵੰਡਣਾ (ਡਿਸਪੈਂਸ ਕਰਨਾ)

ਫਾਰਮੇਸੀਆਂ ਡਾਕਟਰ ਦੀ ਪਰਚੀ ਅਨੁਸਾਰ ਦਵਾਈ ਦੇਣ ਦੀ ਫੀਸ ਲੈਂਦੀਆਂ ਹਨ। ਜੇ ਤੁਸੀਂ ਫੀਸ ਦਾ ਸਾਰਾ ਜਾਂ ਕੁਝ ਹਿੱਸਾ ਖੁਦ ਅਦਾ ਕਰ ਰਹੇ ਹੋ ਤਾਂ ਤੁਸੀਂ ਵੱਖ-ਵੱਖ ਫਾਰਮੇਸੀਆਂ 'ਤੇ ਲਈ ਜਾਂਦੀ ਫੀਸ ਦੀ ਤੁਲਨਾ ਕਰਨਾ ਚਾਹ ਸਕਦੇ ਹੋ।

ਜੇ ਤੁਸੀਂ ਫਾਰਮਾਕੇਅਰ ਦੀਆਂ 100%-ਅਦਾਇਗੀ ਯੋਜਨਾਵਾਂ (ਪਲੈਨਾਂ C, W, G, F, Z) ਵਿੱਚੋਂ ਕਿਸੇ ਇੱਕ ਦੁਆਰਾ ਕਵਰ ਹੋ ਜਾਂ ਤੁਸੀਂ ਫੇਅਰ ਫਾਰਮਾਕੇਅਰ ਦੀ ਪਰਿਵਾਰਕ ਮੈਕਸੀਮੱਮ ਹੱਦ ਤੱਕ ਪਹੁੰਚ ਗਏ ਹੋ ਤਾਂ ਫਾਰਮਾਕੇਅਰ ਕਿਸੇ ਵੀ ਕਵਰ ਕੀਤੀ ਦਵਾਈ ਲਈ ਪੂਰੀ ਡਿਸਪੈਂਸਿੰਗ (ਦਵਾਈ ਦੇਣ ਦੀ) ਫੀਸ ਦਾ ਭੁਗਤਾਨ ਕਰਦਾ ਹੈ।

i ਕੀ ਤੁਸੀਂ ਫੇਅਰ ਫਾਰਮਾਕੇਅਰ ਲਈ ਰਜਿਸਟਰਡ ਨਹੀਂ ਹੋ? ਇਹ ਮੁਫ਼ਤ ਹੈ। ਹੋਰ ਜਾਣਨ ਲਈ www.gov.bc.ca/ahdc 'ਤੇ ਜਾਓ।

## ਦਵਾਈ ਦੇ ਟੀਕੇ (ਇੰਜੈਕਸ਼ਨ)

ਫਾਰਮਾਸਿਸਟ ਕਈ ਲੋਦਿਆਂ (ਵੈਕਸੀਨਾਂ) ਅਤੇ ਦਵਾਈਆਂ ਦਾ ਟੀਕਾ ਲਗਾ ਸਕਦੇ ਹਨ। ਜੇ ਤੁਸੀਂ ਯੋਗ ਹੋ ਤਾਂ ਤੁਸੀਂ ਜਨਤਕ ਤੌਰ 'ਤੇ ਫੰਡ ਪ੍ਰਾਪਤ ਲੋਦਿਆਂ ਲਈ ਕੁਝ ਵੀ ਭੁਗਤਾਨ ਨਹੀਂ ਕਰੋਗੇ, ਜਿਵੇਂ ਕਿ ਕੋਵਿਡ ਅਤੇ ਫਲੂ ਦੇ ਲੋਦੇ। ਫਾਰਮਾਸਿਸਟ ਡਾਕਟਰ ਵਲੋਂ ਦੱਸੇ ਲੋਦਿਆਂ (ਵੈਕਸੀਨਾਂ) ਅਤੇ ਦਵਾਈਆਂ ਦਾ ਟੀਕਾ ਲਗਾ ਸਕਦੇ ਹਨ ਜਿਸ ਦੇ ਤੁਹਾਨੂੰ ਪੈਸੇ ਨਹੀਂ ਦੇਣੇ ਪੈਂਦੇ, ਪਰ ਤੁਹਾਨੂੰ ਦਵਾਈ ਦੇ ਪੈਸੇ ਦੇਣੇ ਪੈ ਸਕਦੇ ਹਨ। ਤੁਹਾਨੂੰ ਇੰਸੁਲਿਨ, ਮੌਲੀਕਿਊਲਰ ਭਾਰ ਹੈਪਰਿਨ ਅਤੇ ਸਵੈ-ਇੰਜੈਕਸ਼ਨ ਲਈ ਤਿਆਰ ਕੀਤੇ ਗਏ ਹੋਰ ਉਤਪਾਦਾਂ ਦੇ ਟੀਕਿਆਂ ਲਈ ਪੈਸੇ ਦੇਣੇ ਪੈਣਗੇ। ਏਸੇ ਤਰ੍ਹਾਂ ਤੁਹਾਨੂੰ ਐਲਰਜੀ ਸੀਰਮ ਦੇ ਟੀਕੇ, ਕਾਸਮੈਟਿਕ ਵਰਤੋਂ ਲਈ ਪਦਾਰਥ, ਅਤੇ ਯਾਤਰਾ ਲਈ ਲਗਵਾਉਣ ਵਾਲੇ ਟੀਕਿਆਂ ਲਈ ਵੀ ਪੈਸੇ ਦੇਣੇ ਪੈਣਗੇ।

## ਦਵਾਈ ਦੀਆਂ ਸਮੀਖਿਆਵਾਂ (ਮੈਡੀਕੇਸ਼ਨ ਰਿਵੀਊਜ਼)

ਜੇ ਤੁਸੀਂ ਪਿਛਲੇ 6 ਮਹੀਨਿਆਂ ਵਿੱਚ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ 5 ਜਾਂ ਵੱਧ ਦਵਾਈਆਂ ਲਈਆਂ ਹਨ, ਤਾਂ ਤੁਸੀਂ ਫਾਰਮਾਸਿਸਟ ਨੂੰ ਮੈਡੀਕੇਸ਼ਨ ਰਿਵੀਊ ਲਈ ਕਹਿ ਸਕਦੇ ਹੋ। ਜੇ ਉਹ ਸੋਚਣ ਕਿ ਦਵਾਈ ਦੀ ਸਮੀਖਿਆ (ਮੈਡੀਕੇਸ਼ਨ ਰਿਵੀਊ) ਤੁਹਾਡੇ ਲਈ ਸਹੀ ਹੈ, ਤਾਂ ਉਹ ਤੁਹਾਡੇ ਨਾਲ ਵਿਅਕਤੀਗਤ ਤੌਰ 'ਤੇ ਮਿਲਣਗੇ:

- ਦਵਾਈਆਂ ਨੂੰ ਸਭ ਤੋਂ ਵਧੀਆ ਕਿਵੇਂ ਲੈਣਾ ਹੈ ਬਾਰੇ ਗੱਲਬਾਤ ਕਰਨ ਲਈ
- ਉਹਨਾਂ ਸਾਰੀਆਂ ਦਵਾਈਆਂ ਦੀ ਘਰ ਲੈਜਾਣ ਲਈ ਸੂਚੀ ਤਿਆਰ ਕਰਨ ਲਈ ਜੋ ਤੁਸੀਂ ਲੈ ਰਹੇ ਹੋ, ਜਿਹਨਾਂ ਵਿੱਚ ਡਾਕਟਰ ਦੀ ਪਰਚੀ ਤੋਂ ਬਿਨਾਂ ਮਿਲਣ ਵਾਲੀਆਂ ਦਵਾਈਆਂ ਵੀ ਸ਼ਾਮਲ ਹਨ
- ਦਵਾਈਆਂ ਦਾ ਪ੍ਰਬੰਧ ਕਰਨ ਲਈ ਯੋਜਨਾ ਤਿਆਰ ਕਰਨ ਲਈ

ਤੁਸੀਂ ਹਰ 6 ਮਹੀਨਿਆਂ ਵਿੱਚ 1 ਸਮੀਖਿਆ (ਰਿਵੀਊ) ਕਰਵਾ ਸਕਦੇ ਹੋ, ਅਤੇ ਹਰ ਸਾਲ 4 ਫਾਲੋ-ਅੱਪ ਸਮੀਖਿਆਵਾਂ ਹੋ ਸਕਦੀਆਂ ਹਨ।

ਇਹ ਸੇਵਾ ਬੀ ਸੀ ਦੇ ਪਰਸਨਲ ਹੈਲਥ ਨੰਬਰ ਵਾਲੇ ਹਰ ਵਸਨੀਕ ਲਈ ਮੁਫ਼ਤ ਹੈ। ਤੁਹਾਡਾ ਪਰਸਨਲ ਹੈਲਥ ਨੰਬਰ ਤੁਹਾਡੇ ਡਰਾਈਵਰ ਲਾਇਸੈਂਸ, ਬੀ ਸੀ ਸਰਵਿਸਿਜ਼ ਕਾਰਡ ਜਾਂ ਕੇਅਰ ਕਾਰਡ 'ਤੇ ਹੋ ਸਕਦਾ ਹੈ।

## ਛੋਟੀਆਂ ਬਿਮਾਰੀਆਂ ਜਿਨ੍ਹਾਂ ਦਾ ਫਾਰਮਾਸਿਸਟ ਮੁਲਾਂਕਣ ਕਰ ਸਕਦੇ ਹਨ

ਫਾਰਮਾਸਿਸਟ ਇਹਨਾਂ ਸਥਿਤੀਆਂ ਲਈ ਤੁਹਾਡਾ ਮੁਲਾਂਕਣ ਕਰ ਸਕਦਾ ਹੈ ਅਤੇ ਇਲਾਜ ਲਈ ਦਵਾਈ ਦੇ ਸਕਦਾ ਹੈ ਜਾਂ ਦਵਾਈ ਦੀ ਸਿਫਾਰਸ਼ ਕਰ ਸਕਦਾ ਹੈ:

- ਫਿਣਸੀ (ਹਲਕੀ)
- ਐਲਰਜੀ ਅਤੇ ਹੇਅ ਫੀਵਰ
- ਕੈਂਕਰ ਸੋਅਰਜ਼ (ਮੂੰਹ ਦੇ ਫੋੜੇ)
- ਕੋਲਡ ਸੋਅਰਜ਼ (ਠੰਡੇ ਫੋੜੇ)
- ਫੰਗਲ ਇਨਫੈਕਸ਼ਨ
- ਸਿਰ ਦਰਦ
- ਦਿਲ ਦੀ ਜਲਨ (GERD)
- ਬਵਾਸੀਰ (ਹੈਮੋਰੋਇਡਜ਼)
- ਛਪਾਕੀ ਜਾਂ ਚਮੜੀ ਦੀ ਖਾਜ ਸਮੇਤ ਖਟਮਲ ਲੜ੍ਹਨ ਤੋਂ ਹੁੰਦੀ ਖਾਜ ਦੇ (ਅਰਟੀਕੇਰੀਆ)
- ਇਮਪਟੀਗੋ
- ਬਦਹਜ਼ਮੀ
- ਮਾਹਵਾਰੀ ਦਰਦ
- ਨਿਕੋਟੀਨ ਨਿਰਭਰਤਾ
- ਪਿੰਕ ਆਈ (ਅੱਖਾਂ `ਚ ਲਾਲੀ)
- ਪਿੰਨਵਰਮ ਅਤੇ ਥਰਿੱਡਵਰਮਜ਼
- ਸ਼ਿੰਗਲਜ਼
- ਚਮੜੀ ਦੇ ਧੱਫੜ (ਡਰਮੇਟਾਇਟਸ)
- ਸਟਰੇਨਜ਼ ਅਤੇ ਪੇਨਜ਼ (ਪੱਠਿਆਂ ਅਤੇ ਹੱਡੀਆਂ ਦੇ ਦਰਦ)
- ਥਰੱਸ਼ (ਓਰਲ ਫੰਗਲ ਇਨਫੈਕਸ਼ਨ)
- ਪਿਸ਼ਾਬ ਨਾਲੀ ਦੀ ਲਾਗ (ਅਨਕੰਪਲੀਕੇਟਿਡ)
- ਵੈਜੀਨਲ ਯੀਸਟ ਇਨਫੈਕਸ਼ਨ

## ਹੋਰ ਜਾਣਕਾਰੀ

ਇਹਨਾਂ ਵਿੱਚੋਂ ਕਿਸੇ ਵੀ ਸੇਵਾ ਬਾਰੇ ਫਾਰਮਾਸਿਸਟ ਨਾਲ ਗੱਲ ਕਰੋ, ਜਾਂ ਸਾਨੂੰ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ ਫ਼ੋਨ ਕਰੋ ਅਤੇ ਸ਼ਨਿਚਰਵਾਰ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ।

- ਲੋਅਰ ਮੇਨਲੈਂਡ ਤੋਂ: 604-683-7151
- ਬਾਕੀ ਬੀ.ਸੀ. ਤੋਂ, ਟੋਲ-ਫ੍ਰੀ: 1-800-663-7100

## ਆਨਲਾਈਨ ਸਰੋਤ

ਏਥੇ ਫਾਰਮੇਸੀ ਸੇਵਾਵਾਂ ਬਾਰੇ ਹੋਰ ਪੜ੍ਹੋ www.gov.bc.ca/pharmacyservices

ਵੇਰਵੇ ਅਤੇ ਸਵੈ-ਮੁਲਾਂਕਣ: www.gov.bc.ca/seeapharmacist

ਕਵਰ ਕੀਤੇ ਗਰਭ ਨਿਰੋਧਕ: www.gov.bc.ca/contraceptives